# ਥਾਣੇ ਵਿੱਚ ਜਾਣ ‘ਤੇ ਤੁਹਾਡੇ ਅਧਿਕਾਰ

ਬੱਚਿਆਂ ਅਤੇ ਨੌਜਵਾਨ ਲੋਕਾਂ ਲਈ ਇੱਕ ਗਾਈਡ

**ਇਹ ਪਰਚਾ ਤੁਹਾਨੂੰ ਤੁਹਾਡੇ ਅਧਿਕਾਰਾਂ ਬਾਰੇ ਮਹੱਤਵਪੂਰਣ ਜਾਣਕਾਰੀ ਪ੍ਰਦਾਨ ਕਰਦਾ ਹੈ ਜਦੋਂ ਤੁਸੀਂ ਕਿਸੇ ਥਾਣੇ ਵਿੱਚ ਹੁੰਦੇ ਹੋ।** ਅਧਿਕਾਰ ਉਹ ਅਜਾਦੀਆਂ ਅਤੇ ਸਮਰਥਨ ਹਨ ਜੋ ਸਾਡੇ ਸਭ ਕੋਲ ਕਾਨੂੰਨ ਰਾਹੀਂ ਸੁਰੱਖਿਅਤ ਹਨ। 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਕੋਲ ਬਾਲਗਾਂ ਵਾਲੇ ਕੁੱਝ ਵੱਖਰੇ ਅਧਿਕਾਰ ਹਨ, ਇਸ ਲਈ ਇਹ ਪਰਚਾ ਵਰਣਨ ਕਰਦੀ ਹੈ ਕਿ ਤੁਹਾਡੇ ਕੋਲ ਕਿਹੜੇ ਅਧਿਕਾਰ ਹਨ।

**ਆਪਣਾ ਅਧਿਕਾਰਾਂ ਨੂੰ ਜਾਣਨਾ ਅਤੇ ਸਮਝਣਾ ਤੁਹਾਡੀ ਸਮਝਣ ਵਿੱਚ ਮਦਦ ਕਰ ਸਕਦਾ ਹੈ ਜਦੋਂ ਤੁਹਾਡੇ ਨਾਲ ਨਿਰਪੱਖ ਵਤੀਰਾ ਕੀਤਾ ਜਾ ਰਿਹਾ ਹੋਵੇ।** ਪੁਲਿਸ ਦਾ ਫਰਜ਼ ਹੈ ਤੁਹਾਨੂੰ ਕਿਸੇ ਵੀ ਨੁਕਸਾਨ ਤੋਂ ਬਚਾਉਣਾ ਅਤੇ ਤੁਹਾਡੀ ਤੰਦਰੁਸਤੀ ਦੀ ਦੇਖਭਾਲ ਕਰਨਾ ਹੁੰਦਾ ਹੈ ਜਦੋਂ ਤੁਸੀਂ ਥਾਣੇ ਵਿੱਚ ਹੁੰਦੇ ਹੋ, ਭਾਵੇਂ ਉਨ੍ਹਾਂ ਕੋਲ ਅਜਿਹਾ ਸਬੂਤ ਹੋਵੇ ਜੋ ਦੱਸਦਾ ਹੋਵੇ ਕਿ ਤੁਸੀਂ ਨੁਕਸਾਨ ਪੁਜਾਉਣ ਲਈ ਕੁੱਝ ਕੀਤਾ ਹੈ।

**ਜਿੰਨੀ ਜਲਦੀ ਹੋਵੇ ਕਿਰਪਾ ਕਰਕੇ ਇਸ ਪਰਚੇ ਨੂੰ ਪੜ੍ਹੋ।** ਜਦੋਂ ਤੁਸੀਂ ਥਾਣੇ ਵਿੱਚ ਹੁੰਦੇ ਹੋ ਤਾਂ ਇਹ ਤੁਹਾਡੀ ਫੈਸਲੇ ਲੈਣ ਵਿੱਚ ਮਦਦ ਕਰੇਗਾ। ਉਹ ਵਿਅਕਤੀ ਜੋ ਤੁਹਾਨੂੰ ਇਹ ਪਰਚਾ ਦਿੰਦਾ ਹੈ ਉਹ ਤੁਹਾਨੂੰ ਇਸ ਨੂੰ ਪੜ੍ਹਨ ਅਤੇ ਸਮਝਣ ਵਿੱਚ ਮਦਦ ਕਰਨ ਦੀ ਪੇਸ਼ਕਸ਼ ਕਰੇਗਾ। ਉਹ ਤੁਹਾਨੂੰ ਇਹ ਵੀ ਪੁੱਛੇਗਾ ਕਿ ਕੀ ਤੁਹਾਨੂੰ ਇਸ ਪਰਚੇ ਦਾ ਇੱਕ ਵੱਖਰਾ ਸੰਸਕਰਣ ਲੈਣਾ ਚਾਹੁੰਦੇ ਹੋ ਜਿਵੇਂ ਉਹ ਜੋ ਵੱਖਰੀ ਭਾਸ਼ਾ ਵਿੱਚ ਹੋਵੇ ਜਾਂ ਉਹ ਜੋ ਪੜ੍ਹਨ ਲਈ ਆਸਾਨ ਹੋਵੇ।

CYCJ
Children and Young People's Centre for Justice

STARR

Safer Scotland
Scottish Government

1. **ਤੁਹਾਡੇ ਕੋਲ ਇਹ ਜਾਣਨ ਦਾ ਅਧਿਕਾਰ ਹੈ ਕਿ ਪੁਲਿਸ ਤੁਹਾਨੂੰ ਥਾਣੇ ਵਿੱਚ ਕਿਉਂ ਰੱਖ ਰਹੀ ਹੈ।**

2. **ਤੁਹਾਡੇ ਕੋਲ ਇਹ ਜਾਣਨ ਦਾ ਅਧਿਕਾਰ ਹੈ ਕਿ ਪੁਲਿਸ ਨੇ ਤੁਹਾਨੂੰ ਥਾਣੇ ਵਿੱਚ ਕਿਉਂ ਲਿਆਂਦਾ ਹੈ।**






3. ਤੁਹਾਨੂੰ ਪੁਲਿਸ ਨੂੰ ਆਪਣਾ ਨਾਮ, ਪਤਾ, ਜਨਮ ਤਾਰੀਖ਼ ਅਤੇ ਕੌਮੀਅਤ ਦੱਸਣਾ ਲਾਜ਼ਮੀ ਹੈ ਜੇ ਤੁਸੀਂ ਇਹ ਜਾਣਦੇ ਹੋਵੋ। ਕੇਵਲ ਇਹ ਸਵਾਲ ਹਨ ਜਿਨ੍ਹਾਂ ਦਾ ਤੁਹਾਨੂੰ ਜਵਾਬ ਦੇਣਾ ਲਾਜ਼ਮੀ ਹੈ। **ਤੁਹਾਡੇ ਕੋਲ ਕਿਸੇ ਵੀ ਹੋਰ ਸਵਾਲ ਦਾ ਜਵਾਬ ਨਾ ਦੇਣ ਦਾ ਅਧਿਕਾਰ ਹੈ।**

4. **ਤੁਹਾਡੇ ਕੋਲ ਕਿਸੇ ਹੋਰ ਵਿਅਕਤੀ ਨੂੰ ਦੱਸਣ ਦਾ ਅਧਿਕਾਰ ਹੈ ਕਿ ਤੁਸੀਂ ਥਾਣੇ ਵਿੱਚ ਹੋ।** ਪੁਲਿਸ ਤੁਹਾਨੂੰ ਪੁੱਛੇਗੀ ਕਿ ਕੀ ਤੁਸੀਂ ਚਾਹੁੰਦੇ ਹੋ ਕਿ ਉਹ ਕਿਸੇ ਨੂੰ ਦੱਸਣ ਕਿ ਤੁਸੀਂ ਉੱਥੇ ਹੋ। ਇਹ ਤੁਹਾਡੇ ਪਰਿਵਾਰ ਵਿੱਚੋਂ ਕੋਈ ਵਿਅਕਤੀ, ਤੁਹਾਡਾ ਸਾਥੀ, ਤੁਹਾਡੀ ਦੇਖਭਾਲ ਕਰਨ ਵਾਲਾ, ਤੁਹਾਡਾ ਦੋਸਤ ਜਾਂ ਕੋਈ ਵੀ ਹੋਰ ਵਿਅਕਤੀ ਹੋ ਸਕਦਾ ਹੈ ਜਿਸ ਨੂੰ ਤੁਸੀਂ ਜਾਣਦੇ ਹੋਵੋ। ਤੁਹਾਨੂੰ ਉਨ੍ਹਾਂ ਨਾਲ ਗੱਲਬਾਤ ਕਰਨ ਦੀ ਇਜਾਜ਼ਤ ਨਹੀਂ ਵੀ ਦਿੱਤੀ ਜਾ ਸਕਦੀ। ਜੇ ਤੁਹਾਡੀ ਉਮਰ 16 ਸਾਲ ਤੋਂ ਘੱਟ ਹੈ ਜਾਂ ਇੱਕ ਲਾਜ਼ਮੀ ਨਿਗਰਾਨੀ ਹੁਕਮ 'ਤੇ ਹੁੰਦੇ ਹੋ ਤਾਂ ਤੁਹਾਡੇ ਕੋਲ ਥਾਣੇ ਵਿੱਚ ਕਿਸੇ ਵਿਅਕਤੀ ਨੂੰ ਨਾਲ ਲੈ ਕੇ ਜਾਣ ਦਾ ਅਧਿਕਾਰ ਹੈ। ਤੁਹਾਡੇ ਕੋਲ ਆਪਣੇ ਮਾਤਾ-ਪਿਤਾ ਜਾਂ ਸਰਪ੍ਰਸਤ ਨੂੰ ਥਾਣੇ ਨਾਲ ਲੈ ਕੇ ਜਾਣ ਦਾ ਅਧਿਕਾਰ ਹੈ।

5. **ਤੁਹਾਡੇ ਕੋਲ ਕਿਸੇ ਵਕੀਲ ਨੂੰ ਦੱਸਣ ਦਾ ਅਧਿਕਾਰ ਹੁੰਦਾ ਹੈ ਕਿ ਤੁਸੀਂ ਥਾਣੇ ਵਿੱਚ ਹੋ।** ਪੁਲਿਸ ਤੁਹਾਨੂੰ ਪੁੱਛੇਗੀ ਕਿ ਕੀ ਤੁਸੀਂ ਚਾਹੁੰਦੇ ਹੋ ਕਿ ਉਹ ਕਿਸੇ ਵਕੀਲ ਨੂੰ ਦੱਸਣ ਕਿ ਤੁਸੀਂ ਪੁਲਿਸ ਸਟੇਸ਼ਨ ਵਿੱਚ ਹੋ। ਇਹ ਤੁਹਾਡਾ ਆਪਣਾ ਵਕੀਲ ਹੋ ਸਕਦਾ ਹੈ ਜਾਂ ਆਨ-ਕਾਲ ਵਕੀਲ ਤੁਹਾਡੇ ਲਈ ਕਿਸੇ ਹੋਰ ਵਕੀਲ ਦਾ ਪ੍ਰਬੰਧ ਕੀਤਾ ਜਾਏਗਾ। ਇਹ ਮੁਫ਼ਤ ਹੁੰਦਾ ਹੈ।



6. **ਤੁਹਾਡੇ ਕੋਲ ਕਿਸੇ ਵੀ ਸਮੇਂ ਗੁਪਤ ਰੂਪ ਵਿੱਚ ਕਿਸੇ ਵਕੀਲ ਨਾਲ ਗੱਲ ਕਰਨ ਦਾ ਅਧਿਕਾਰ ਹੈ।** ਇਹ ਮੁਫ਼ਤ ਹੁੰਦਾ ਹੈ।

7. **ਜੇਕਰ ਪੁਲਿਸ ਤੁਹਾਡੀ ਇੰਟਰਵਿਊ ਲੈਂਦੀ ਹੈ ਤਾਂ ਤੁਹਾਡੇ ਕੋਲ ਕਿਸੇ ਵਕੀਲ ਨੂੰ ਹਾਜ਼ਰ ਰੱਖਣ ਅਧਿਕਾਰ ਹੁੰਦਾ ਹੈ।** ਇਹ ਮੁਫ਼ਤ ਹੁੰਦਾ ਹੈ।

8. **ਜੇ ਤੁਹਾਡੀ ਉਮਰ 16 ਸਾਲ ਤੋਂ ਘੱਟ ਹੈ, ਕੋਈ ਵਕੀਲ ਮੌਜੂਦ ਹੋਣਾ ਲਾਜ਼ਮੀ ਹੁੰਦਾ ਹੈ ਜਦੋਂ ਪੁਲਿਸ ਤੁਹਾਡੀ ਇੰਟਰਵਿਊ ਲੈਂਦੀ ਹੈ ਜਦੋਂ ਤੱਕ ਇਸ ਤੋਂ ਕਿਸੇ ਨੂੰ ਖ਼ਤਰਾ ਨਾ ਹੋਵੇ।** ਜੇ ਤੁਹਾਡੀ ਉਮਰ 16 ਜਾਂ 17 ਸਾਲ ਹੈ ਅਤੇ ਇੱਕ ਲਾਜ਼ਮੀ ਨਿਗਰਾਨੀ ਦੇ ਹੁਕਮ 'ਤੇ ਹੁੰਦੇ ਹੋ, ਕੋਈ ਵਕੀਲ ਹਾਜ਼ਰ ਹੋਣਾ ਲਾਜ਼ਮੀ ਹੈ ਜਦੋਂ ਪੁਲਿਸ ਤੁਹਾਡੀ ਇੰਟਰਵਿਊ ਲੈਂਦੀ ਹੈ ਜਦੋਂ ਤੱਕ ਅਸਧਾਰਨ ਪ੍ਰਸਥਿਤੀਆਂ ਨਾ ਹੋਣ।

9. **ਜੇ ਤੁਸੀਂ ਬਿਮਾਰ ਜਾਂ ਜ਼ਖ਼ਮੀ ਹੁੰਦੇ ਹੋ ਤਾਂ ਤੁਹਾਡੇ ਕੋਲ ਡਾਕਟਰੀ ਸਹਾਇਤਾ ਲੈਣ ਦਾ ਅਧਿਕਾਰ ਹੁੰਦਾ ਹੈ। ਇਸ ਵਿੱਚ ਤੁਹਾਡੀ ਮਾਨਸਿਕ ਸਿਹਤ ਲਈ ਸਹਾਇਤਾ ਸ਼ਾਮਲ ਹੁੰਦੀ ਹੈ।** ਇਹ ਪੱਕਾ ਕਰਨ ਵਿੱਚ ਪੁਲਿਸ ਤੁਹਾਡੀ ਸਿਹਤ ਅਤੇ ਤੰਦਰੁਸਤੀ ਬਾਰੇ ਸਵਾਲ ਪੁੱਛੇਗੀ ਕਿ ਕੀ ਤੁਹਾਡੇ ਥਾਣੇ ਵਿੱਚ ਹੋਣ ਵੇਲੇ ਤੁਹਾਡੀ ਪੂਰੀ ਦੇਖਭਾਲ ਕੀਤੀ ਗਈ ਹੈ। ਇਹ ਮਹੱਤਵਪੂਰਣ ਹੁੰਦਾ ਹੈ ਕਿ ਤੁਸੀਂ ਪੁਲਿਸ ਨੂੰ ਦੱਸੋ ਕਿ ਕੀ ਤੁਹਾਡੀ ਕੋਈ ਡਾਕਟਰੀ ਸਥਿਤੀ ਹੈ ਜੋ ਤੁਹਾਨੂੰ ਪ੍ਰਭਾਵਿਤ ਕਰ ਸਕਦੀ ਹੋਵੇ ਜਦੋਂ ਤੁਸੀਂ ਥਾਣੇ ਵਿੱਚ ਹੁੰਦੇ ਹੋ। ਪੁਲਿਸ ਤੁਹਾਡੀ ਜਾਂਚ ਕਰਨ ਲਈ ਕਿਸੇ ਨਰਸ ਜਾਂ ਡਾਕਟਰ ਨੂੰ ਕਹਿ ਸਕਦੀ ਹੈ। ਇਹ ਇਸ ਗੱਲ ਨੂੰ ਪੱਕਾ ਕਰਨ ਵਿੱਚ ਮਦਦ ਕਰਨ ਲਈ ਹੈ ਕਿ ਤੁਹਾਡੇ ਥਾਣੇ ਵਿੱਚ ਹੋਣ ਵੇਲੇ ਚੰਗੀ ਤਰ੍ਹਾਂ ਦੇਖਭਾਲ ਕੀਤੀ ਗਈ ਹੈ। ਪੁਲਿਸ ਨੂੰ ਤੁਹਾਨੂੰ ਪੁੱਛਣਾ ਚਾਹੀਦਾ ਹੈ ਕਿ ਕੀ ਤੁਹਾਨੂੰ ਕਿਸੇ ਡਾਕਟਰ, ਨਰਸ, ਜਾਂ ਹੋਰ ਸਿਹਤ ਪੇਸ਼ੇਵਰ ਨਾਲ ਗੱਲ ਕਰਨ ਦੀ ਲੋੜ ਹੈ।

10. **ਤੁਹਾਡੇ ਕੋਲ ਭੋਜਨ ਖਾਣ ਅਤੇ ਪੀਣ ਦਾ ਅਧਿਕਾਰ ਹੁੰਦਾ ਹੈ।** ਤੁਹਾਨੂੰ ਪਾਣੀ ਦਿੱਤਾ ਜਾਏਗਾ। ਜੇ ਤੁਸੀਂ ਚਾਰ ਘੰਟੇ ਤੋਂ ਵੱਧ ਸਮੇਂ ਲਈ ਥਾਣੇ ਵਿੱਚ ਰਹਿੰਦੇ ਹੋ ਤਾਂ ਤੁਹਾਨੂੰ ਭੋਜਨ ਦੀ ਪੇਸ਼ਕਸ਼ ਕੀਤੀ ਜਾਵੇਗੀ। ਜਿੰਨੀ ਜਲਦੀ ਸੰਭਵ ਹੋਵੇ ਪੁਲਿਸ ਨੂੰ ਤੁਹਾਨੂੰ ਇਹ ਪੁੱਛਣਾ ਚਾਹੀਦਾ ਹੈ ਕਿ ਕੀ ਤੁਹਾਡੀਆਂ ਖਾਣ ਬਾਰੇ ਕੋਈ ਵਿਸ਼ੇਸ਼ ਲੋੜਾਂ ਹਨ।

CYCJ Children and Young People's Centre for Justice

STARR

Safer Scotland
Scottish Government

# ਹੋਰ ਮਾਰਗਦਰਸ਼ਨ...

## ਜੇ ਤੁਹਾਨੂੰ ਹੋਰ ਮਦਦ ਦੀ ਲੋੜ ਹੈ

ਤੁਹਾਨੂੰ ਇਹ ਸਮਝਣ ਲਈ ਮਦਦ ਦੀ ਲੋੜ ਪੈ ਸਕਦੀ ਹੈ ਕੀ ਹੁੰਦਾ ਹੈ ਜਦੋਂ ਤੁਸੀਂ ਥਾਣੇ ਹੁੰਦੇ ਹੋ। ਜੇ ਤੁਹਾਡੀ ਉਮਰ 16 ਸਾਲ ਜਾਂ ਇਸ ਤੋਂ ਵੱਧ ਹੈ, ਤਾਂ ਇਹ ਸਹਾਇਤਾ ਕਿਸੇ ਸਿੱਖਿਅਕ ਸਹਾਇਤਾ ਵਾਲੇ ਵਿਅਕਤੀ ਤੋਂ ਆ ਸਕਦੀ ਹੈ ਜਿਸ ਨੂੰ ਢੁਕਵਾਂ ਬਾਲਗ ਕਿਹਾ ਜਾਂਦਾ ਹੈ। ਇਸ ਦੀ ਲੋੜ ਹੋ ਸਕਦੀ ਹੈ ਜੇ ਤੁਹਾਨੂੰ ਸਿੱਖਣ ਦੀ ਅਯੋਗਤਾ ਹੋਵੇ ਜਾਂ ਮਾਨਸਿਕ ਸਿਹਤ ਦਾ ਕੋਈ ਮੁੱਦਾ ਹੋਵੇ। ਜੇ ਪੁਲਿਸ ਸਮਝਦੀ ਹੋਵੇ ਕਿ ਤੁਹਾਨੂੰ ਕਿਸੇ ਢੁਕਵੇਂ ਬਾਲਗ ਦੀ ਸਹਾਇਤਾ ਦੀ ਲੋੜ ਹੈ, ਤਾਂ ਉਹ ਤੁਹਾਡੇ ਲਈ ਇੱਕ ਪ੍ਰਾਪਤ ਕਰਨਗੇ, ਤਾਂ ਵੀ ਭਾਵੇਂ ਜੇ ਤੁਸੀਂ ਨਾ ਵੀ ਮੰਗਦੇ ਹੋਵੋ।

## ਤੁਹਾਡੀ ਮਦਦ ਲਈ ਦੁਭਾਸ਼ੀਆ ਪ੍ਰਾਪਤ ਕਰਨਾ

ਇਹ ਮਹੱਤਵਪੂਰਣ ਹੈ ਕਿ ਤੁਸੀਂ ਉਹ ਸਮਝ ਸਕਦੇ ਹੋਵੋ ਜੋ ਥਾਣੇ ਵਿੱਚ ਕਿਹਾ ਜਾਂਦਾ ਹੋਵੇ। ਜੇ ਤੁਸੀਂ ਅੰਗਰੇਜੀ ਨਹੀਂ ਬੋਲਦੇ ਹੋ ਜਾਂ ਨਹੀਂ ਸਮਝਦੇ ਹੋ, ਤਾਂ ਪੁਲਿਸ ਉਹ ਵਿਅਕਤੀ ਪ੍ਰਾਪਤ ਕਰੇਗੀ ਜੋ ਤੁਹਾਡੀ ਮਦਦ ਕਰਨ ਲਈ ਤੁਹਾਡੀ ਭਾਸ਼ਾ ਬੋਲਦਾ ਹੋਵੇ। ਇਸ ਵਿਅਕਤੀ ਨੂੰ ਦੁਭਾਸ਼ੀਆ ਕਿਹਾ ਜਾਂਦਾ ਹੈ। ਇਹ ਮੁਫ਼ਤ ਹੁੰਦਾ ਹੈ।

## ਸੰਚਾਰ ਵਿੱਚ ਸਹਾਇਤਾ ਪ੍ਰਾਪਤ ਕਰਨਾ

ਥਾਣੇ ਵਿੱਚ ਕੀ ਹੋ ਰਿਹਾ ਹੁੰਦਾ ਹੈ ਕਈ ਲੋਕਾਂ ਨੂੰ ਇਹ ਸਮਝਣਾ ਮੁਸ਼ਕਲ ਹੁੰਦਾ ਹੈ। ਪੁਲਿਸ ਨੂੰ ਤੁਹਾਨੂੰ ਪੁੱਛਣਾ ਚਾਹੀਦਾ ਹੈ ਕਿ ਕੀ ਤੁਹਾਨੂੰ ਮਦਦ ਦੀ ਲੋੜ ਹੈ ਜਾਂ ਕਿਸੇ ਚੀਜ਼ ਬਾਰੇ ਪਤਾ ਨਾ ਹੋਵੇ। ਜੇ ਤੁਹਾਨੂੰ ਲੋੜ ਹੋਵੇ ਤਾਂ ਉਨ੍ਹਾਂ ਨੂੰ ਤੁਹਾਡੀ ਪੜ੍ਹਨ ਵਿੱਚ ਮਦਦ ਦੀ ਪੇਸ਼ਕਸ਼ ਕਰਨੀ ਚਾਹੀਦੀ ਹੈ। ਜੇ ਤੁਸੀਂ ਗੁੰਗੇ ਹੁੰਦੇ ਹੋ ਜਾਂ ਸਪਸ਼ਟ ਤੌਰ ‘ਤੇ ਸੰਚਾਰ ਕਰਨ ਵਿਚ ਮੁਸ਼ਕਲ ਆਉਂਦੀ ਹੋਵੇ, ਤਾਂ ਤੁਹਾਡੀ ਮਦਦ ਕਰਨ ਲਈ ਪੁਲਿਸ ਕਿਸੇ ਵਿਅਕਤੀ ਨੂੰ ਲੈ ਕੇ ਆਏਗੀ। ਇਹ ਇੱਕ BS ਦੁਭਾਸ਼ੀਆ ਜਾਂ ਕੋਈ ਹੋਰ ਢੁਕਵਾਂ ਪੇਸ਼ੇਵਰ ਹੋ ਸਕਦਾ ਹੈ। ਇਹ ਮੁਫ਼ਤ ਹੁੰਦਾ ਹੈ।

## ਜੇ ਤੁਸੀਂ ਬ੍ਰਿਟਿਸ਼ ਨਹੀਂ ਹੁੰਦੇ ਹੋ

ਜੇਕਰ ਤੁਸੀਂ ਬ੍ਰਿਟਿਸ਼ ਨਾਗਰਿਕ ਨਹੀਂ ਹੋ, ਤਾਂ ਪੁਲਿਸ ਨੂੰ ਤੁਹਾਡੇ ਹਾਈ ਕਮਿਸ਼ਨ, ਦੂਤਾਵਾਸ ਜਾਂ ਕੌਂਸਲੇਟ ਨਾਲ ਸੰਪਰਕ ਕਰਨ ਦੀ ਪੇਸ਼ਕਸ਼ ਕਰਨੀ ਚਾਹੀਦੀ ਹੈ, ਇਹ ਦੱਸਣ ਲਈ ਕਿ ਤੁਸੀਂ ਕਿੱਥੇ ਹੋ ਅਤੇ ਤੁਸੀਂ ਪੁਲਿਸ ਸਟੇਸ਼ਨ ਵਿੱਚ ਕਿਉਂ ਹੋ। ਫਿਰ ਕੋਈ ਵਿਅਕਤੀ ਗੁਪਤ ਤੌਰ ‘ਤੇ ਤੁਹਾਨੂੰ ਮਿਲ ਸਕਦਾ ਹੈ ਅਤੇ ਤੁਹਾਨੂੰ ਮਿਲਣ ਲਈ ਵਕੀਲ ਦਾ ਪ੍ਰਬੰਧ ਕਰ ਸਕਦਾ ਹੈ।

## ਜੇਕਰ ਤੁਹਾਡੇ ‘ਤੇ ਦੋਸ਼ ਲਗਾਇਆ ਜਾਂਦਾ ਹੈ ਜਾਂ ਵਾਰੰਟ ‘ਤੇ ਪੁਲਿਸ ਸਟੇਸ਼ਨ ਲਿਆਂਦਾ ਜਾਂਦਾ ਹੈ ਤਾਂ ਕੀ ਹੁੰਦਾ ਹੈ?

ਜੇਕਰ ਤੁਹਾਡੇ ‘ਤੇ ਕਿਸੇ ਅਪਰਾਧ ਦਾ ਦੋਸ਼ ਲਗਾਇਆ ਜਾਂਦਾ ਹੈ, ਤਾਂ ਤੁਹਾਨੂੰ ਜਾਣ ਦੀ ਇਜਾਜ਼ਤ ਦਿੱਤੀ ਜਾ ਸਕਦੀ ਹੈ ਜਾਂ ਤੁਹਾਨੂੰ ਥਾਣੇ ਵਿੱਚ ਰੱਖਿਆ ਜਾ ਸਕਦਾ ਹੈ ਅਤੇ ਅਗਲੇ ਸੰਭਾਵੀ ਦਿਨ ‘ਤੇ ਅਦਾਲਤ ਵਿੱਚ ਲਿਜਾਇਆ ਜਾ ਸਕਦਾ ਹੈ। ਜੇ ਤੁਹਾਨੂੰ ਵਾਰੰਟ ਤੇ ਥਾਣੇ ਵਿੱਚ ਲਿਆਇਆ ਗਿਆ ਹੈ, ਤਾਂ ਤੁਹਾਨੂੰ ਰੱਖਿਆ ਜਾ ਸਕਦਾ ਹੈ ਅਤੇ ਅਤੇ ਅਗਲੇ ਸੰਭਾਵੀ ਦਿਨ ‘ਤੇ ਅਦਾਲਤ ਵਿੱਚ ਲਿਜਾਇਆ ਜਾ ਸਕਦਾ ਹੈ। ਕੁੱਝ ਕੁ ਹਾਲਤਾਂ ਅੰਦਰ, ਤੁਹਾਨੂੰ ਘਰ ਜਾਣ ਦੀ ਇਜਾਜ਼ਤ ਦਿੱਤੀ ਜਾ ਸਕਦੀ ਹੈ।

## ਤੁਹਾਨੂੰ ਹਿਰਾਸਤ ਵਿੱਚ ਕਿੰਨੇ ਸਮੇਂ ਲਈ ਰੱਖਿਆ ਜਾ ਸਕਦਾ ਹੈ?

ਪੁਲਿਸ ਤੁਹਾਡੇ ਉੱਪਰ ਕੋਈ ਵੀ ਦੋਸ਼ ਲਗਾਉਣ ਤੋਂ ਬਿਨਾਂ ਤੁਹਾਨੂੰ 12 ਘੰਟੇ ਲਈ ਹਿਰਾਸਤ ਵਿੱਚ ਰੱਖ ਸਕਦੀ ਹੈ। ਪੁਲਿਸ ਇਸ ਨੂੰ ਵੱਧ ਤੋਂ ਵੱਧ 24 ਘੰਟੇ ਤੱਕ ਵਧਾ ਸਕਦੀ ਹੈ, ਪਰ ਕੇਵਲ ਤਦ ਜੇ ਕੋਈ ਸੀਨੀਅਰ ਪੁਲਿਸ ਅਧਿਕਾਰੀ ਇਸ ਨਾਲ ਸਹਿਮਤ ਹੁੰਦਾ ਹੈ। ਤੁਹਾਨੂੰ ਇਸ ਫੈਸਲੇ ਬਾਰੇ ਆਪਣੀ ਗੱਲ ਰੱਖਣ ਦਾ ਅਧਿਕਾਰ ਹੈ, ਜਾਂ ਤੁਸੀਂ ਆਪਣੇ ਵਕੀਲ ਨੂੰ ਤੁਹਾਡੇ ਲਈ ਪੁਲਿਸ ਨਾਲ ਗੱਲ ਕਰਨ ਦੀ ਚੋਣ ਕਰ ਸਕਦੇ ਹੋ।

## ਕਾਗਜ਼ੀ ਕਾਰਵਾਈ ਦੇਖਣਾ

ਜੇਕਰ ਤੁਹਾਡਾ ਕੇਸ ਅਦਾਲਤ ਵਿੱਚ ਜਾਂਦਾ ਹੈ ਤਾਂ ਕੇਸ ਵਿੱਚ ਸਬੂਤਾਂ ਦਾ ਇੱਕ ਨੋਟ ਤੁਹਾਨੂੰ ਜਾਂ ਤੁਹਾਡੇ ਵਕੀਲ ਨੂੰ ਦਿੱਤਾ ਜਾਵੇਗਾ। ਇਹ ਤੁਹਾਡੀ ਜਾਂ ਤੁਹਾਡੇ ਵਕੀਲ ਦੀ ਤੁਹਾਡਾ ਬਚਾਅ ਬਣਾਉਣ ਵਿੱਚ ਮਦਦ ਕਰੇਗਾ। ਤੁਹਾਡੇ ਕੋਲ ਇਸ ਜਾਣਕਾਰੀ ਦਾ ਜਾਂ ਘੱਟੋ ਘੱਟ ਮਹੱਤਵਪੂਰਣ ਕਾਗਜਾਂ ਦੇ ਸੰਬੰਧਿਤ ਭਾਗਾਂ ਦਾ ਅਨੁਵਾਦ ਕਰਾਉਣ ਦਾ ਹੱਕ ਹੈ ਜੇ ਤੁਹਾਨੂੰ ਅੰਗਰੇਜੀ ਸਮਝ ਨਹੀਂ ਆਉਂਦੀ ਹੈ।

# ਹੋਰ ਮਾਰਗਦਰਸ਼ਨ...

**ਵਕੀਲ ਨੂੰ ਪਹੁੰਚ ਦੇ ਅਧਿਕਾਰ ਬਾਰੇ ਜਾਣਕਾਰੀ**

- ਪੁਲਿਸ ਤੁਹਾਨੂੰ ਪੁੱਛੇਗੀ ਕਿ ਕੀ ਤੁਸੀਂ ਕਿਸੇ ਵਕੀਲ ਨਾਲ ਗੱਲ ਕਰਨਾ ਚਾਹੁੰਦੇ ਹੋ। ਜਿੰਨੀ ਜਲਦੀ ਸੰਭਵ ਹੋਵੇ ਪੁਲਿਸ ਤੁਹਾਡੇ ਲਈ ਕਿਸੇ ਵਕੀਲ ਨਾਲ ਸੰਪਰਕ ਕਰੇਗੀ।
- ਤੁਹਾਨੂੰ ਕਿਸੇ ਵੀ ਸਮੇਂ ਵਕੀਲ ਨਾਲ ਗੁਪਤ ਗੱਲਬਾਤ ਕਰਨ ਦੀ ਇਜਾਜ਼ਤ ਹੁੰਦੀ ਹੈ। ਇਹ ਟੈਲੀਫ਼ੋਨ ‘ਤੇ ਹੋ ਸਕਦਾ ਹੈ, ਜਾਂ ਉਹ ਤੁਹਾਨੂੰ ਥਾਣੇ ਵਿੱਚ ਮਿਲਣ ਆ ਸਕਦਾ ਹੈ।
- ਵਕੀਲ ਨਾਲ ਗੱਲ ਕਰਨਾ ਇੱਕ ਆਮ ਗੱਲ ਹੈ, ਅਤੇ ਇਹ ਅਜਿਹਾ ਪ੍ਰਤੀਤ ਨਹੀਂ ਹੁੰਦਾ ਕਿ ਤੁਸੀਂ ਕੁੱਝ ਗਲਤ ਕੀਤਾ ਹੈ।
- ਵਕੀਲ ਦਾ ਕੰਮ ਤੁਹਾਡੇ ਅਧਿਕਾਰਾਂ ਨੂੰ ਸੁਰੱਖਿਅਤ ਕਰਨਾ ਅਤੇ ਕਾਨੂੰਨ ਬਾਰੇ ਤੁਹਾਨੂੰ ਸੁਝਾਅ ਦੇਣਾ ਹੈ।
- ਤੁਸੀਂ ਕਿਸੇ ਅਜਿਹੇ ਵਕੀਲ ਨਾਲ ਗੱਲ ਕਰਨ ਦੀ ਚੋਣ ਕਰ ਸਕਦੇ ਹੋ ਜਿਸਨੂੰ ਤੁਸੀਂ ਜਾਣਦੇ ਹੋਵੋ ਜਾਂ ਕੋਈ ਵਕੀਲ ਜਿਸ ਨਾਲ ਪੁਲਿਸ ਤੁਹਾਡੇ ਨਾਲ ਗੱਲ ਕਰਨ ਦਾ ਪ੍ਰਬੰਧ ਕਰ ਸਕਦੀ ਹੈ - ਇਸ ਵਕੀਲ ਨੂੰ ਇੱਕ ਆਨ-ਕਾਲ ਵਕੀਲ ਕਿਹਾ ਜਾਂਦਾ ਹੈ। ਆਨ-ਕਾਲ ਵਕੀਲ ਸੁਤੰਤਰ ਹੁੰਦਾ ਹੈ ਅਤੇ ਪੁਲਿਸ ਲਈ ਕੰਮ ਨਹੀਂ ਕਰਦਾ।
- ਜੇਕਰ ਪੁਲਿਸ ਤੁਹਾਡੇ ਕੋਲੋਂ ਪੁੱਛਗਿੱਛ ਕਰਦੀ ਹੈ, ਤਾਂ ਉਹ ਤੁਹਾਨੂੰ ਪੁੱਛਣਗੇ ਕਿ ਕੀ ਅਜਿਹਾ ਹੋਣ ‘ਤੇ ਤੁਸੀਂ ਕਮਰੇ ਵਿੱਚ ਆਪਣੇ ਨਾਲ ਵਕੀਲ ਚਾਹੁੰਦੇ ਹੋ।
- ਜੇਕਰ ਤੁਸੀਂ ਕਿਸੇ ਵਕੀਲ ਨੂੰ ਆਪਣੇ ਨਾਲ ਕਮਰੇ ਵਿੱਚ ਰਹਿਣ ਲਈ ਕਿਹਾ ਹੈ ਤਾਂ ਪੁਲਿਸ ਨੂੰ ਆਮ ਤੌਰ ‘ਤੇ ਵਕੀਲ ਤੋਂ ਬਿਨਾਂ ਤੁਹਾਡੇ ਕੋਲੋਂ ਪੁੱਛਗਿੱਛ ਕਰਨ ਦੀ ਇਜਾਜ਼ਤ ਨਹੀਂ ਹੁੰਦੀ।
- ਤੁਸੀਂ ਕਿਸੇ ਵਕੀਲ ਨਾਲ ਗੱਲ ਕਰਨ ਬਾਰੇ ਆਪਣਾ ਮਨ ਬਣਾ ਸਕਦੇ ਹੋ ਅਤੇ ਕਿਸੇ ਵੀ ਸਮੇਂ ਵਕੀਲ ਦੀ ਮੰਗ ਕਰ ਸਕਦੇ ਹੋ। ਜਿੰਨੀ ਜਲਦੀ ਸੰਭਵ ਹੋਵੇ ਪੁਲਿਸ ਨੂੰ ਦੱਸੋ ਅਤੇ ਉਹ ਤੁਹਾਡੇ ਲਈ ਵਕੀਲ ਨਾਲ ਸੰਪਰਕ ਕਰਨਗੇ।
- ਜਦੋਂ ਉਨ੍ਹਾਂ ਨੇ ਕਿਹਾ ਹੋਵੇ ਜੇ ਵਕੀਲ ਥਾਣੇ ਵਿੱਚ ਨਹੀਂ ਆਉਂਦਾ ਹੈ ਉਨ੍ਹਾਂ ਨੂੰ, ਜਾਂ ਤੁਹਾਨੂੰ ਵਕੀਲ ਨਾਲ ਦੁਬਾਰਾ ਗੱਲ ਕਰਨ ਦੀ ਲੋੜ ਹੁੰਦੀ ਹੈ, ਤੁਸੀਂ ਪੁਲਿਸ ਨੂੰ ਉਸ ਨਾਲ ਫਿਰ ਤੋਂ ਸੰਪਰਕ ਕਰਨ ਲਈ ਕਹਿ ਸਕਦੇ ਹੋ। ਜਦੋਂ ਵਕੀਲ ਨਾਲ ਸੰਪਰਕ ਕੀਤਾ ਜਾਂਦਾ ਹੈ ਤਾਂ ਪੁਲਿਸ ਨੂੰ ਇਸ ਬਾਰੇ ਕੋਈ ਜਾਣਕਾਰੀ ਨਹੀਂ ਹੈ ਕਿ ਉਹ ਕਦੋਂ ਥਾਣੇ ਪਹੁੰਚਦਾ ਹੈ। ਜੇਕਰ ਤੁਸੀਂ ਚਾਹੁੰਦੇ ਹੋ ਤਾਂ ਪੁਲਿਸ ਇਸ ਵਕੀਲ ਨਾਲ ਤੁਹਾਡੇ ਵਿਚਾਰ ਅਤੇ ਇੱਛਾਵਾਂ ਸਾਂਝੀਆਂ ਕਰ ਸਕਦੀ ਹੈ।

**ਸ਼ਿਕਾਇਤ ਕਰਨ ਲਈ ਤੁਹਾਡਾ ਅਧਿਕਾਰ**

- ਪੁਲਿਸ ਦੁਆਰਾ ਤੁਹਾਡੇ ਨਾਲ ਜਿਸ ਤਰ੍ਹਾਂ ਦਾ ਵਿਵਹਾਰ ਕੀਤਾ ਜਾਂਦਾ ਹੈ, ਉਸ ਬਾਰੇ ਤੁਹਾਨੂੰ ਸ਼ਿਕਾਇਤ ਕਰਨ ਦਾ ਅਧਿਕਾਰ ਹੈ।
- ਜੇ ਤੁਸੀਂ ਸਕਾਟਲੈਂਡ ਦੀ ਪੁਲਿਸ ਬਾਰੇ ਸ਼ਿਕਾਇਤ ਕਰਦੇ ਹੋ ਤਾਂ ਇਹ ਤੁਹਾਨੂੰ ਬੁਰਾ ਨਹੀਂ ਬਣਾਏਗਾ।
- ਜਦੋਂ ਤੁਸੀਂ ਹਿਰਾਸਤ ਵਿੱਚ ਹੁੰਦੇ ਹੋ ਤਾਂ ਤੁਸੀਂ ਸ਼ਿਕਾਇਤ ਕਰ ਸਕਦੇ ਹੋ।
- ਜੇ ਤੁਸੀਂ ਹਿਰਾਸਤ ਵਿੱਚ ਹੋਣ ‘ਤੇ ਸ਼ਿਕਾਇਤ ਕਰਨਾ ਚਾਹੁੰਦੇ ਹੋ, ਤਾਂ ਕਿਸੇ ਇੰਸਪੈਕਟਰ ਜਾਂ ਉੱਚ ਅਧਿਕਾਰੀ ਨਾਲ ਗੱਲ ਕਰਨ ਲਈ ਕਹੋ।
- ਜੇ ਤੁਸੀਂ ਰਿਹਾਅ ਹੋਣ ਤੋਂ ਬਾਅਦ ਸ਼ਿਕਾਇਤ ਕਰਨੀ ਚਾਹੁੰਦੇ ਹੋ, ਤਾਂ ਤੁਸੀਂ ਕਿਸੇ ਵੀ ਥਾਣੇ ਵਿੱਚ ਜਾ ਸਕਦੇ ਹੋ।
- ਜੇ ਤੁਹਾਡੀ ਗ੍ਰਿਫਤਾਰੀ ਦੌਰਾਨ ਜਾਂ ਪੁਲਿਸ ਹਿਰਾਸਤ ਵਿੱਚ ਕਿਸੇ ਪੁਲਿਸ ਅਧਿਕਾਰੀ ਦੁਆਰਾ ਤੁਹਾਨੂੰ ਸੱਟ ਜਾਂ ਚੋਟ ਪਹੁੰਚਾਈ ਜਾਂਦੀ ਹੈ ਤਾਂ ਤੁਹਾਨੂੰ ਸਕਾਟਲੈਂਡ ਦੀ ਪੁਲਿਸ ਦੇ ਪ੍ਰੋਫੈਸ਼ਨਲ ਸਟੈਂਡਰਡ ਡਿਪਾਰਟਮੈਂਟ ਨੂੰ ਸ਼ਿਕਾਇਤ ਕਰਨੀ ਚਾਹੀਦੀ ਹੈ।
- ਸ਼ਿਕਾਇਤ ਕਰਨ ਲਈ 101 ‘ਤੇ ਕਾਲ ਕਰੋ ਜਾਂ ਆਪਣੇ ਸਥਾਨਕ ਥਾਣੇ ਵਿੱਚ ਜਾਓ।
- ਤੁਸੀਂ ਤੁਹਾਡੀ ਤਰਫ਼ੋਂ ਸ਼ਿਕਾਇਤ ਕਰਨ ਲਈ ਕਿਸੇ ਹੋਰ ਵਿਅਕਤੀ ਨੂੰ ਵੀ ਕਹਿ ਸਕਦੇ ਹੋ। ਇਹ ਮਾਤਾ-ਪਿਤਾ, ਦੋਸਤ, ਸਾਥੀ ਜੋ ਉਹ ਕੋਈ ਵੀ ਵਿਅਕਤੀ ਹੋ ਸਕਦਾ ਹੈ ਜਿਸ ‘ਤੇ ਤੁਸੀਂ ਭਰੋਸਾ ਕਰਦੇ ਹੋਵੋ। ਤੁਹਾਨੂੰ ਉਨ੍ਹਾਂ ਨੂੰ ਆਪਣੀ ਲਿਖਤੀ ਇਜਾਜ਼ਤ ਦੇਣ ਦੀ ਲੋੜ ਹੁੰਦੀ ਹੈ।

ਇਸ ਪਤ੍ਰਿਕਾ ਨੂੰ ਬੱਚਿਆਂ ਅਤੇ ਨੌਜਵਾਨ ਲੋਕਾਂ ਦੇ ਨਿਆਂ ਕੇਂਦਰ (CYCJ) ਅਤੇ ਸਕੌਟਿਸ਼ ਸਰਕਾਰ ਦੇ ਨਾਲ ਸਾਂਝੇਦਾਰੀ ਵਿੱਚ ਸੁਰੱਖਿਅਤ ਦੇਖਭਾਲ ਦੇ ਅਨੁਭਵ ਵਾਲੇ ਲੋਕਾਂ ਲਈ ਸਕੌਟਲੈਂਡ ਦੀ ਇੱਕਮਾਤਰ ਕਿਉਰੇਟਿਡ ਜਗ੍ਹਾ ਦੇ STARR ਮੈਂਬਰਾਂ ਰਾਹੀਂ ਸਾਂਝੇ ਤੌਰ ‘ਤੇ ਬਣਾਇਆ ਗਿਆ ਸੀ। ਤੁਹਾਡਾ ਸ਼ਿਕਾਇਤ ਕਰਨ ਦਾ ਅਧਿਕਾਰ’ ਪੀਪਲ ਫਸਟ ਸਕਾਟਲੈਂਡ (People First Scotland) ਤੋਂ ਲਿਆ ਗਿਆ ਹੈ।

ਹੋਰ ਜਾਣਕਾਰੀ ਅਤੇ ਸਹਾਇਤਾ ਲੈਣ ਲਈ **justtherightspace.org** ‘ਤੇ ਜਾਓ

© Crown copyright 2023

Children and Young People's Centre for Justice

Safer Scotland
Scottish Government